imha independent mental health advocacy

Punjabi / ਪੰਜਾਬੀ

# ਆਪਣੇ ਹੱਕਾਂ ਨੂੰ ਜਾਣੋ, ਆਪਣੀ ਗੱਲ ਕਰੋ

**ਸਤੰਬਰ 2023**

Independent Mental Health Advocacy (ਇੰਡੀਪੈਂਡੈਂਟ ਮੈਂਟਲ ਹੈਲਥ ਐਡਵੋਕੇਸੀ, IMHA) ਤੁਹਾਡੇ ਅਧਿਕਾਰਾਂ ਨੂੰ ਜਾਣਨ ਅਤੇ ਆਪਣੀ ਗੱਲ ਕਹਿਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ। IMHA ਉਹਨਾਂ ਲੋਕਾਂ ਲਈ ਇੱਕ ਮੁਫ਼ਤ ਅਤੇ ਗੁਪਤ ਵਕਾਲਤ ਸੇਵਾ ਹੈ ਜੋ:

- ਲਾਜ਼ਮੀ ਇਲਾਜ ਪ੍ਰਾਪਤ ਕਰ ਰਹੇ ਹਨ, ਜਾਂ
- ਲਾਜ਼ਮੀ ਇਲਾਜ ਪ੍ਰਾਪਤ ਕਰਨ ਬਾਰੇ ਚਿੰਤਤ ਹਨ।

IMHA ਉਹ ਸੇਵਾ ਹੈ ਜੋ Victoria Legal Aid ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਪਰ ਇਹ ਕੋਈ ਕਾਨੂੰਨੀ ਸੇਵਾ ਨਹੀਂ ਹੈ। IMHA ਮਾਨਸਿਕ ਸਿਹਤ ਸੇਵਾਵਾਂ ਤੋਂ ਵੱਖਰੀ ਖੁਦਮੁਖਤਿਆਰ ਸੇਵਾ ਹੈ।

## *ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ*

1 ਸਤੰਬਰ 2023 ਤੋਂ, *Mental Health and Wellbeing Act 2022 (Vic)* (ਮਾਨਸਿਕ ਸਿਹਤ ਅਤੇ ਤੰਦਰੁਸਤੀ ਐਕਟ 2022) (Vic) ਅਨੁਸਾਰ ਜਦੋਂ ਤੁਸੀਂ ਲਾਜ਼ਮੀ ਇਲਾਜ ਪ੍ਰਾਪਤ ਕਰ ਰਹੇ ਹੋਵੋਗੇ ਤਾਂ ਸਾਨੂੰ ਮੁੱਖ ਸਮਿਆਂ 'ਤੇ ਸੂਚਿਤ ਕੀਤਾ ਜਾਵੇਗਾ। ਇਸ ਦਸਤਾਵੇਜ਼ ਦੇ 'IMHA ਨੂੰ ਕਦੋਂ ਸੂਚਿਤ ਕੀਤਾ ਜਾਵੇਗਾ?' ਭਾਗ ਬਾਰੇ ਹੋਰ ਜਾਣੋ।

ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ ਜਦੋਂ ਤੱਕ ਕਿ ਤੁਸੀਂ ਸਾਨੂੰ ਅਜਿਹਾ ਨਾ ਕਰਨ ਲਈ ਨਹੀਂ ਕਹਿੰਦੇ ਹੋ। ਜਦੋਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ, ਤਾਂ ਅਸੀਂ ਦੱਸਾਂਗੇ ਕਿ ਅਸੀਂ ਕੀ ਕਰਦੇ ਹਾਂ, ਅਤੇ ਤੁਸੀਂ ਫ਼ੈਸਲਾ ਕਰ ਸਕਦੇ ਹੋ ਕਿ ਕੀ ਤੁਸੀਂ ਸਾਡੀਆਂ ਸੇਵਾਵਾਂ ਚਾਹੁੰਦੇ ਹੋ ਜਾਂ ਨਹੀਂ। ਸਾਨੂੰ ਆਪਣੇ ਨਾਲ ਸੰਪਰਕ ਨਾ ਕਰਨ ਬਾਰੇ ਦੱਸਣ ਲਈ ਇਸ ਸ਼ੀਟ ਦੇ 'ਸਾਨੂੰ ਆਪਣੇ ਨਾਲ ਸੰਪਰਕ ਨਾ ਕਰਨ ਲਈ ਸੂਚਿਤ ਕਰੋ' ਭਾਗ ਦੇਖੋ।

## *ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ*

ਜੇਕਰ ਤੁਸੀਂ ਇਸ ਸਮੇਂ ਲਾਜ਼ਮੀ ਇਲਾਜ ਪ੍ਰਾਪਤ ਨਹੀਂ ਕਰ ਰਹੇ ਹੋ ਪਰ ਲਾਜ਼ਮੀ ਇਲਾਜ ਪ੍ਰਾਪਤ ਕਰਨ ਸੰਬੰਧੀ ਚਿੰਤਤ ਹੋ, ਤਾਂ ਵੀ ਤੁਸੀਂ IMHA ਸੇਵਾਵਾਂ ਤੱਕ ਪਹੁੰਚ ਕਰ ਸਕਦੇ ਹੋ। ਤੁਹਾਨੂੰ ਸਾਡੇ ਨਾਲ ਸਿੱਧਾ ਸੰਪਰਕ ਕਰਨ ਦੀ ਲੋੜ ਹੋਵੇਗੀ ਕਿਉਂਕਿ ਸਾਨੂੰ ਸੂਚਿਤ ਨਹੀਂ ਕੀਤਾ ਗਿਆ ਹੋਵੇਗਾ। ਤੁਸੀਂ ਸਾਨੂੰ 1300 947 820 ਤੇ ਫੋਨ ਕਰ ਸਕਦੇ ਹੋ, ਸਾਡੀ ਵੈੱਬਸਾਈਟ www.imha.vic.gov.au 'ਤੇ ਜਾ ਸਕਦੇ ਹੋ, ਜਾਂ imhacontact@imha.vic.gov.au 'ਤੇ ਈਮੇਲ ਭੇਜ ਸਕਦੇ ਹੋ

ਲਾਜ਼ਮੀ ਇਲਾਜ ਪ੍ਰਾਪਤ ਕਰਨ ਬਾਰੇ ਲੋਕਾਂ ਦੇ ਚਿੰਤਤ ਹੋਣ ਦੇ ਆਮ ਕਾਰਨਾਂ ਵਿੱਚ ਇਹ ਮਹਿਸੂਸ ਕਰਨਾ ਸ਼ਾਮਲ ਹੈ ਕਿ ਤੁਸੀਂ ਆਪਣੀ ਇਲਾਜ ਕਰਨ ਵਾਲੀ ਟੀਮ ਨਾਲ ਅਸਹਿਮਤ ਨਹੀਂ ਹੋ ਸਕਦੇ ਹੋ, ਜਾਂ ਤੁਹਾਡੀ ਇਲਾਜ ਕਰਨ ਵਾਲੀ ਟੀਮ ਨੇ ਕਿਹਾ ਹੈ ਕਿ ਜੇਕਰ ਤੁਸੀਂ ਕੁੱਝ ਨਹੀਂ ਕਰਦੇ ਹੋ ਤਾਂ ਤੁਹਾਨੂੰ ਲਾਜ਼ਮੀ ਇਲਾਜ 'ਤੇ ਪਾ ਦਿੱਤਾ ਜਾਵੇਗਾ।

## IMHA *ਤੁਹਾਡੀ ਮੱਦਦ ਕਿਵੇਂ ਕਰ ਸਕਦਾ ਹੈ*

ਅਸੀਂ ਇਨ੍ਹਾਂ ਨਾਲ ਤੁਹਾਡੀ ਮੱਦਦ ਕਰ ਸਕਦੇ ਹਾਂ:

- ਤੁਹਾਡੇ ਮੁਲਾਂਕਣ, ਇਲਾਜ, ਦੇਖਭਾਲ ਅਤੇ ਸਿਹਤਯਾਬੀ ਬਾਰੇ ਜਾਣਕਾਰੀ ਨੂੰ ਸਮਝਣ ਲਈ
- ਤੁਹਾਡੇ ਮੁਲਾਂਕਣ, ਇਲਾਜ ਅਤੇ ਦੇਖਭਾਲ ਬਾਰੇ ਫ਼ੈਸਲੇ ਲੈਣ ਲਈ
- ਆਪਣੇ ਅਧਿਕਾਰਾਂ ਨੂੰ ਸਮਝਣ ਅਤੇ ਵਰਤਣ ਲਈ

- ਤਰਜੀਹਾਂ ਬਾਰੇ ਅਗਾਊਂ ਬਿਆਨ ਦੇਣ ਲਈ
- ਇੱਕ ਨਾਮਜ਼ਦ ਸਹਾਇਕ ਵਿਅਕਤੀ ਨੂੰ ਨਿਯੁਕਤ ਕਰਨ ਲਈ
- ਕਿਸੇ ਹੋਰ ਮਨੋਵਿਗਿਆਨਿਕ ਤੋਂ ਦੂਜੀ ਰਾਏ ਲੈਣ ਲਈ
- ਕਾਨੂੰਨੀ ਸਲਾਹ ਲੈਣ ਲਈ
- Mental Health Tribunal (ਮਾਨਸਿਕ ਸਿਹਤ ਟ੍ਰਿਬਿਊਨਲ) ਨੂੰ ਅਰਜ਼ੀ ਦੇਣ ਲਈ
- ਮਾਨਸਿਕ ਸਿਹਤ ਅਤੇ ਤੰਦਰੁਸਤੀ ਸੇਵਾ ਪ੍ਰਣਾਲੀ ਨੂੰ ਸਮਝਣ ਅਤੇ ਇਸ ਤੱਕ ਪਹੁੰਚ ਕਰਨ ਲਈ
- ਤੁਹਾਡੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਸੇਵਾਵਾਂ ਅਤੇ ਹੋਰਾਂ ਲਈ ਤੁਹਾਡੇ ਫ਼ੈਸਲਿਆਂ, ਵਿਚਾਰਾਂ ਅਤੇ ਤਰਜੀਹਾਂ ਨੂੰ ਪ੍ਰਗਟ ਕਰਨ ਲਈ
- ਸ਼ਿਕਾਇਤ ਕਰਨ ਲਈ।

ਅਸੀਂ ਦੁਭਾਸ਼ੀਏ ਦਾ ਪ੍ਰਬੰਧ ਕਰ ਸਕਦੇ ਹਾਂ। ਤੁਸੀਂ 131 450'ਤੇ Translating and Interpreting Service (ਟਰਾਂਸਲੇਟਿੰਗ ਐਂਡ ਇੰਟਰਪ੍ਰੇਟਿੰਗ ਸਰਵਿਸ) (TIS) ਨੂੰ ਵੀ ਫ਼ੋਨ ਕਰ ਸਕਦੇ ਹੋ ਅਤੇ ਸਾਡੇ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ।

IMHA ਤੁਹਾਡੀ ਸਹਿਮਤੀ ਨਾਲ ਤੁਹਾਡੀ ਮਾਨਸਿਕ ਸਿਹਤ ਅਤੇ ਤੰਦਰੁਸਤੀ ਸੇਵਾ ਨੂੰ ਤੁਹਾਡੇ ਵਿਚਾਰ ਪੇਸ਼ ਕਰ ਸਕਦਾ ਹੈ। ਤੁਹਾਡਾ IMHA ਐਡਵੋਕੇਟ:

- ਤੁਹਾਡੇ ਦੁਆਰਾ ਨਿਰਦੇਸ਼ਿਤ ਕੀਤੇ ਅਨੁਸਾਰ ਕੰਮ ਕਰੇਗਾ
- ਤੁਹਾਡੀ ਸਹਿਮਤੀ ਤੋਂ ਬਗ਼ੈਰ ਕੋਈ ਕਾਰਵਾਈ ਨਹੀਂ ਕਰੇਗਾ
- ਜੇਕਰ ਤੁਸੀਂ ਘੱਟੋ-ਘੱਟ 16 ਸਾਲ ਦੀ ਉਮਰ ਦੇ ਹੋ, ਤਾਂ ਤੁਹਾਡੀ ਅਗਵਾਈ ਇਸ ਸੋਚ ਨਾਲ ਨਹੀਂ ਕੀਤੀ ਜਾਵੇਗੀ ਕਿ ਹੋਰ ਲੋਕ ਕੀ ਸੋਚਦੇ ਹਨ ਕਿ ਤੁਹਾਡੇ ਹਿੱਤ ਵਿੱਚ ਕੀ ਹੈ। ਜੇਕਰ ਤੁਹਾਡੀ ਉਮਰ 15 ਸਾਲ ਜਾਂ ਇਸ ਤੋਂ ਘੱਟ ਹੈ, ਤਾਂ IMHA ਤੁਹਾਡੇ ਵਿਚਾਰਾਂ ਨੂੰ ਉਤਸ਼ਾਹਿਤ ਕਰੇਗਾ ਅਤੇ ਤੁਹਾਡੇ ਪਰਿਵਾਰ, ਦੇਖਭਾਲ ਕਰਨ ਵਾਲਿਆਂ ਅਤੇ ਸਮਰਥਕਾਂ ਨਾਲ ਕੰਮ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਸਰਬੋਤਮ ਹਿੱਤ ਸੁਰੱਖਿਅਤ ਹਨ।

## *ਸਾਨੂੰ ਆਪਣੇ ਨਾਲ ਸੰਪਰਕ ਨਾ ਕਰਨ ਲਈ ਸੂਚਿਤ ਕਰੋ*

ਤੁਹਾਨੂੰ ਆਪਣੇ ਬਾਰੇ ਪਛਾਣ ਜਾਣਕਾਰੀ ਪ੍ਰਦਾਨ ਕਰਨ ਦੀ ਜ਼ਰੂਰਤ ਹੋਵੇਗੀ ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਅਸੀਂ:

- ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਨਾ ਕਰੀਏ, ਅਤੇ
- ਤੁਹਾਡੇ ਲਾਜ਼ਮੀ ਇਲਾਜ ਬਾਰੇ ਸਾਨੂੰ ਪ੍ਰਾਪਤ ਹੋਈ ਜਾਣਕਾਰੀ ਨੂੰ ਮਿਟਾ ਦੇਈਏ।

ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਸਾਡੇ ਪ੍ਰਸ਼ਾਸਨਿਕ ਸਟਾਫ਼ ਦੁਆਰਾ ਸੰਭਾਲਿਆ ਜਾਵੇਗਾ। ਇਹ ਜਾਣਨ ਲਈ ਕਿ ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੇ ਹਾਂ ਅਤੇ ਤੁਹਾਡੀ ਗੁਪਤਤਾ ਦੀ ਸੁਰੱਖਿਆ ਕਰਦੇ ਹਾਂ ਤੁਸੀਂ https://www.imha.vic.gov.au/how-we-handle-personal-information 'ਤੇ ਜਾ ਕੇ ਦੇਖ ਸਕਦੇ ਹੋ।

ਸਾਨੂੰ ਤੁਹਾਡੇ ਨਾਲ ਸੰਪਰਕ ਨਾ ਕਰਨ ਬਾਰੇ ਸੂਚਿਤ ਕਰਨ ਲਈ:

- 03 9093 3701'ਤੇ ਫ਼ੋਨ ਕਰੋ

- opt-out form ਭਰਨ ਲਈ www.imha.vic.gov.au/optout 'ਤੇ ਜਾਓ
- ਹੇਠਾਂ ਦਿੱਤੇ ਫਾਰਮ ਨੂੰ ਭਰੋ ਅਤੇ ਇਸਨੂੰ imhaadmin@imha.vic.gov.au ਜਾਂ ਡਾਕ ਰਾਹੀਂ ਭੇਜੋ:

Independent Mental Health Advocacy

GPO Box 4380

Melbourne VIC 3001

- ਹੇਠਾਂ ਦਿੱਤੇ ਸਹਿਮਤੀ ਬਿਆਨ ਅਤੇ ਜਾਣਕਾਰੀ ਦੇ ਨਾਲ ਸਾਨੂੰ imhaadmin@imha.vic.gov.au 'ਤੇ ਈਮੇਲ ਕਰੋ।

ਤੁਸੀਂ ਕਿਸੇ ਸਟਾਫ਼ ਮੈਂਬਰ ਜਾਂ ਸਮਰਥਕ ਨੂੰ ਫਾਰਮ ਜਮ੍ਹਾਂ ਕਰਾਉਣ ਵਿੱਚ ਮੱਦਦ ਕਰਨ ਲਈ ਕਹਿ ਸਕਦੇ ਹੋ।

ਜੇਕਰ ਮੈਨੂੰ ਲਾਜ਼ਮੀ ਇਲਾਜ ਆਰਡਰ 'ਤੇ ਪਾਇਆ ਗਿਆ ਹੈ ਜਾਂ ਕਿਸੇ ਹੋਰ ਮੁੱਖ ਸਮਿਆਂ 'ਤੇ ਤਾਂ ਮੈਂ, ______________________________ **ਨਹੀਂ** ਚਾਹੁੰਦਾ/ਦੀ ਕਿ IMHA ਮੇਰੇ ਨਾਲ ਸੰਪਰਕ ਕਰੇ। ਮੈਂ ਸਮਝਦਾ/ਦੀ ਹਾਂ ਕਿ ਮੇਰੇ ਲਾਜ਼ਮੀ ਇਲਾਜ ਬਾਰੇ IMHA ਨੂੰ ਪ੍ਰਾਪਤ ਹੋਣ ਵਾਲੀ ਭਵਿੱਖੀ ਜਾਣਕਾਰੀ ਮਿਟਾ ਦਿੱਤਾ ਜਾਵੇਗਾ।

ਜਨਮ ਤਾਰੀਖ਼: ____________________

ਦਸਤਖ਼ਤ: ____________________

ਮਿਤੀ: ____________________

ਰਾਜ-ਵਿਆਪੀ UR ਨੰਬਰ (State-wide UR Number) - SWURN: ____________________

ਇਹ ਇੱਕ ਵਿਲੱਖਣ ਨੰਬਰ ਹੁੰਦਾ ਹੈ ਜੋ ਜਨਤਕ ਨਿਸ਼ਚਤ ਕੀਤੀਆਂ ਮਾਨਸਿਕ ਸਿਹਤ ਸੇਵਾਵਾਂ ਤੱਕ ਪਹੁੰਚ ਕਰਨ ਵਾਲੇ ਸਾਰੇ ਖ਼ਪਤਕਾਰਾਂ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਅਸੀਂ ਇਹ ਯਕੀਨੀ ਬਣਾਉਣ ਲਈ ਇਸ ਨੰਬਰ ਦੀ ਵਰਤੋਂ ਕਰਦੇ ਹਾਂ ਕਿ ਅਸੀਂ ਤੁਹਾਡੀ ਸਹੀ ਪਛਾਣ ਕਰਦੇ ਹਾਂ। ਜੇਕਰ ਤੁਹਾਨੂੰ ਆਪਣਾ SWURN ਨੰਬਰ ਨਹੀਂ ਪਤਾ, ਤਾਂ ਤੁਸੀਂ ਆਪਣੀ ਮਾਨਸਿਕ ਸਿਹਤ ਅਤੇ ਭਲਾਈ ਸੇਵਾ ਨੂੰ ਇਸ ਬਾਰੇ ਪੁੱਛ ਸਕਦੇ ਹੋ, ਜਾਂ ਇਸ ਬਾਰੇ ਜਾਣਕਾਰੀ ਲੈਣ ਲਈ ਕਿ ਕਿਸ ਨੂੰ ਪੁੱਛਣਾ ਹੈ, IMHA ਨੂੰ ਫ਼ੋਨ ਕਰ ਸਕਦੇ ਹੋ।

ਫ਼ੋਨ ਨੰਬਰ: ____________________

ਈ-ਮੇਲ: ____________________

ਪਤਾ: ____________________

ਉਪਨਗਰ/ਕਸਬਾ: ____________________

ਪੋਸਟਕੋਡ: ____________________

ਜੇ ਤੁਸੀਂ ਬਾਅਦ ਵਿੱਚ ਆਪਣਾ ਮਨ ਬਦਲ ਲੈਂਦੇ ਹੋ ਅਤੇ ਚਾਹੁੰਦੇ ਹੋ ਕਿ ਜਦੋਂ ਤੁਸੀਂ ਲਾਜ਼ਮੀ ਇਲਾਜ ਪ੍ਰਾਪਤ ਕਰ ਰਹੇ ਹੋ ਤਾਂ IMHA ਦੁਆਰਾ ਸੰਪਰਕ ਕੀਤਾ ਜਾਵੇ, ਤਾਂ ਤੁਸੀਂ ਇਹ ਕਰ ਸਕਦੇ ਹੋ:

- 1300 947 820'ਤੇ ਫ਼ੋਨ ਕਰੋ
- ਈਮੇਲ imhacontact@imha.vic.gov.au
- ਸਾਡੀ ਵੈੱਬਸਾਈਟ www.imha.vic.gov.au 'ਤੇ ਜਾਓ

## IMHA ਨੂੰ ਕਦੋਂ ਸੂਚਿਤ ਕੀਤਾ ਜਾਵੇਗਾ?

IMHA ਨੂੰ ਸੂਚਿਤ ਕੀਤਾ ਜਾਵੇਗਾ ਜੇਕਰ:

- ਤੁਹਾਨੂੰ ਅਸਥਾਈ ਇਲਾਜ ਆਰਡਰ, ਜਾਂ ਇਲਾਜ ਆਰਡਰ 'ਤੇ ਰੱਖਿਆ ਗਿਆ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਤੁਸੀਂ ਫੋਰੈਂਸਿਕ ਜਾਂ ਸੁਰੱਖਿਆ ਅਧੀਨ ਮਰੀਜ਼ ਹੋ
- ਤੁਹਾਡੇ ਸੰਚਾਰ ਦੇ ਅਧਿਕਾਰ 'ਤੇ ਪਾਬੰਦੀ ਲਗਾਈ ਗਈ ਹੈ
- ਤੁਹਾਡਾ ਅਸਥਾਈ ਇਲਾਜ ਆਰਡਰ, ਜਾਂ ਇਲਾਜ ਆਰਡਰ, ਕਮਿਊਨਿਟੀ ਤੋਂ ਇਨਪੇਸ਼ੈਂਟ ਜਾਂ ਇਨਪੇਸ਼ੈਂਟ ਤੋਂ ਕਮਿਊਨਿਟੀ ਤੱਕ ਬਦਲਿਆ ਗਿਆ ਹੈ
- ਤੁਹਾਡਾ ਅਸਥਾਈ ਇਲਾਜ ਆਰਡਰ ਜਾਂ ਇਲਾਜ ਆਰਡਰ ਮੁਅੱਤਲ ਜਾਂ ਰੱਦ ਕਰ ਦਿੱਤਾ ਗਿਆ ਹੈ
- ਤੁਹਾਡੀ Mental Health Tribunalਦੀ ਸੁਣਵਾਈ ਤੈਅ ਹੋਈ ਹੈ
- ਜੇਕਰ ਇੱਕ ਪਾਬੰਦੀਸ਼ੁਦਾ ਦਖਲਅੰਦਾਜ਼ੀ ਵਰਤੀ ਜਾਂਦੀ ਹੈ, ਜਿਵੇਂ ਕਿ ਜੇ ਤੁਹਾਨੂੰ ਇਕਾਂਤ ਵਿੱਚ ਰੱਖਿਆ ਜਾਂਦਾ ਹੈ, ਜਾਂ ਸਰੀਰਕ ਜਾਂ ਰਸਾਇਣਕ ਤੌਰ 'ਤੇ ਰੋਕਿਆ ਜਾਂਦਾ ਹੈ
- ਜੇਕਰ ਤੁਹਾਡਾ ਆਰਡਰ ਤੁਹਾਨੂੰ ਕਿਸੇ ਹੋਰ ਨਿਰਧਾਰਤ ਮਾਨਸਿਕ ਸਿਹਤ ਸੇਵਾ 'ਤੇ ਇਲਾਜ ਲਈ ਭੇਜੇ ਜਾਣ ਲਈ ਬਦਲਦਾ ਹੈ।

ਜੇਕਰ ਤੁਸੀਂ ਸੁਰੱਖਿਆ ਅਧੀਨ ਮਰੀਜ਼ ਹੋ, ਤਾਂ ਵੀ IMHA ਨੂੰ ਸੂਚਿਤ ਕੀਤਾ ਜਾਵੇਗਾ ਜੇਕਰ:

- ਤੁਹਾਨੂੰ ਕੋਈ ਨਿਰਧਾਰਤ ਮਾਨਸਿਕ ਸਿਹਤ ਸੇਵਾ 'ਤੇ ਦਾਖ਼ਲ ਕੀਤਾ ਜਾਂਦਾ ਹੈ, ਜਾਂ ਉਸ ਵਿੱਚ ਲਿਜਾਇਆ ਜਾਂਦਾ ਹੈ
- ਤੁਹਾਨੂੰ ਵਾਪਸ ਜੇਲ੍ਹ ਭੇਜ ਦਿੱਤਾ ਜਾਂਦਾ ਹੈ।

ਜੇਕਰ ਤੁਸੀਂ ਕੋਈ ਫੋਰੈਂਸਿਕ ਮਰੀਜ਼ ਹੋ, ਤਾਂ ਵੀ IMHA ਨੂੰ ਸੂਚਿਤ ਕੀਤਾ ਜਾਵੇਗਾ ਜੇਕਰ:

- ਤੁਹਾਨੂੰ ਕਿਸੇ ਨਿਰਧਾਰਤ ਮਾਨਸਿਕ ਸਿਹਤ ਸੇਵਾ ਵਿੱਚ ਲਿਜਾਇਆ ਜਾਂਦਾ ਹੈ, ਸਿਵਾਏ ਇਸਦੇ ਕਿ ਜੇਕਰ ਫੋਰੈਂਸਿਕ ਲੀਵ ਪੈਨਲ ਟ੍ਰਾਂਸਪੋਰਟ ਨੂੰ ਮੰਨਜ਼ੂਰੀ ਦਿੰਦਾ ਹੈ ਜਾਂ ਕਿਸੇ ਅਧਿਕਾਰਤ ਸੰਸਥਾ ਦੁਆਰਾ ਨਿਰਦੇਸ਼ਿਤ ਕੀਤਾ ਜਾਂਦਾ ਹੈ
- ਤੁਹਾਡਾ ਮਨੋਵਿਗਿਆਨੀ ਜਾਂ ਮੁੱਖ ਮਨੋਵਿਗਿਆਨੀ ਤੁਹਾਨੂੰ ਕਿਸੇ ਹੋਰ ਨਿਰਧਾਰਤ ਮਾਨਸਿਕ ਸਿਹਤ ਸੇਵਾ ਵਿੱਚ ਲਿਜਾਣ ਲਈ ਨਿਰਦੇਸ਼ ਦਿੰਦਾ ਹੈ
- Forensicare (Victorian Institute of Forensic Mental Health) (ਵਿਕਟੋਰੀਅਨ ਇੰਸਟੀਚਿਊਟ ਆਫ਼ ਫੋਰੈਂਸਿਕ ਮੈਂਟਲ ਹੈਲਥ) ਮਾਨਸਿਕ ਸਿਹਤ ਟ੍ਰਿਬਿਊਨਲ ਨੂੰ ਇੱਕ ਤੀਬਰ ਨਿਗਰਾਨੀ ਵਾਲੇ ਨਿਗਰਾਨੀ ਆਦੇਸ਼ ਦੇਣ ਲਈ ਅਰਜ਼ੀ ਦਿੰਦਾ ਹੈ, ਜੇਕਰ ਅਤੇ ਜਦੋਂ ਇਹ ਆਦੇਸ਼ ਦਿੱਤਾ ਜਾਂਦਾ ਹੈ ਤਾਂ।

## IMHA ਨਾਲ ਕਿਵੇਂ ਸੰਪਰਕ ਕਰਨਾ ਹੈ ਅਤੇ ਹੋਰ ਪਤਾ ਲਗਾਉਣਾ ਹੈ

- ਵੈੱਬਸਾਈਟ www.imha.vic.gov.au 'ਤੇ ਜਾਓ ਜਾਂ imhacontact@imha.vic.gov.au'ਤੇ ਈਮੇਲ ਭੇਜੋ।
- IMHA ਫ਼ੋਨ ਲਾਈਨ **1300 947 820**'ਫ਼ੋਨ ਕਰੋ, ਜਿਸ ਨੂੰ IMHA ਵਕੀਲਾਂ ਦੁਆਰਾ ਹਫ਼ਤੇ ਦੇ ਸੱਤ ਦਿਨ 9:30am – 4:30pm ਤੱਕ ਦੇਖਿਆ ਜਾਂਦਾ ਹੈ (ਸਰਕਾਰੀ ਛੁੱਟੀਆਂ ਨੂੰ ਛੱਡ ਕੇ) ।
- ਆਪਣੇ ਅਧਿਕਾਰਾਂ ਬਾਰੇ ਰਿਕਾਰਡ ਕੀਤੀ ਜਾਣਕਰੀ ਸੁਣਨ ਲਈ IMHA ਰਾਈਟਸ ਲਾਈਨ ਨੂੰ **1800 959 353**'ਤੇ ਫ਼ੋਨ ਕਰੋ।
- ਮਾਨਸਿਕ ਸਿਹਤ ਸੇਵਾ ਪ੍ਰਦਾਤਾ, ਦੇਖਭਾਲ ਕਰਨ ਵਾਲੇ ਜਾਂ ਹੋਰ ਸਹਾਇਤਾ ਵਿਅਕਤੀ ਨੂੰ IMHA ਨਾਲ ਸੰਪਰਕ ਕਰਨ ਵਿੱਚ ਸਹਾਇਤਾ ਕਰਨ ਲਈ ਕਹੋ।

- ਜੇਕਰ ਤੁਸੀਂ IMHA ਬਾਰੇ ਫੀਡਬੈਕ ਦੇਣਾ ਜਾਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ, ਜਾਂ ਸਾਡੀ ਵੈੱਬਸਾਈਟ ਦੇ ਫੀਡਬੈਕ ਸੈਕਸ਼ਨ 'ਤੇ ਜਾਓ।
- 131 450 'ਤੇ ਫ਼ੋਨ ਕਰਕੇ, ਅਤੇ ਫਿਰ ਉਨ੍ਹਾਂ ਨੂੰ **1300 947 820** 'ਤੇ ਸਾਨੂੰ ਫ਼ੋਨ ਕਰਨ ਲਈ ਕਹਿ ਕੇ ਇੱਕ ਮੁਫ਼ਤ ਦੁਭਾਸ਼ੀਏ ਤੱਕ ਪਹੁੰਚ ਕਰੋ।